# ਕਾਮਿਆਂ ਲਈ ਪਰਦਾਦਾਰੀ ਬਿਆਨ

ਕਾਮਿਆਂ ਲਈ ਇਹ ਪਰਦਾਦਾਰੀ ਬਿਆਨ ਵਿਸਤਾਰ ਦਿੰਦਾ ਹੈ ਕਿ WSIB ਤੁਹਾਡੇ ਬਾਰੇ ਕੀ ਜਾਣਕਾਰੀ ਇਕੱਠੀ ਕਰਦਾ ਹੈ, ਇਹ ਕਿਸ ਤਰ੍ਹਾਂ ਵਰਤੀ ਜਾਂਦੀ, ਸਾਂਭੀ ਜਾਂਦੀ, ਅਤੇ ਸੰਗਠਨ ਵਲੋਂ ਪ੍ਰਗਟ ਕੀਤੀ ਜਾਂਦੀ ਹੈ ।

ਵਰਕ ਪਲੇਸ ਸੇਫਟੀ ਅਤੇ ਇੰਸ਼ੋਰੈਂਸ ਬੋਰਡ (WSIB) ਤੁਹਾਡੀ ਪਰਦਾਦਾਰੀ ਨੂੰ ਬਚਾਉਣ ਲਈ ਅਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਗੁਪਤਤਾ ਰੱਖਣ ਲਈ ਵਚਨਬੱਧ ਹੈ । WSIB ਤੁਹਾਡੀ ਜਾਣਕਾਰੀ *ਵਰਕਪਲੇਸ ਸੇਫਟੀ ਐਂਡ ਇਂਸ਼ੋਰੈਂਸ ਐਕਟ (ਕੰਮ ਦੀ ਜਗ੍ਹਾ ਤੇ ਸੁਰੱਖਿਆ ਅਤੇ ਬੀਮਾ ਕਾਨੂੰਨ )* ਨੂੰ ਅਮਲੀ ਰੂਪ ਦੇਣ ਅਤੇ ਲਾਗੂ ਕਰਨ ਲਈ ਇਕੱਠੀ ਕਰਦਾ ਹੈ ਅਤੇ ਫਰੀਡਮ ਆਫ ਇਨਫਰਮੇਸ਼ਨ *ਐਂਡ ਪ੍ਰੋਟੈਕਸ਼ਨ* ਆਫ *ਪ੍ਰਾਈਵੇਸੀ ਐਕਟ (ਆਜ਼ਾਦੀ ਤੇ ਪਰਦਾਦਾਰੀ ਰੱਖਿਆ ਐਕਟ) ਦੇ* ਬਸ਼ਰਤ ਹੈ ।

## ਤੁਹਾਡੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨਾ

ਤੁਹਾਡੇ ਬਾਰੇ ਜਾਣਕਾਰੀ ਸਿਧੇ ਤੌਰ ਤੇ ਕਈ ਸਰੋਤਾਂ ਤੋਂ ਇਕੱਠੀ ਕੀਤੀ ਜਾਂਦੀ ਹੈ -ਤੁਹਾਡੇ ਤੋਂ, ਤੁਹਾਡੇ ਮਾਲਕਾਂ ਤੋਂ, ਤੁਹਾਡੇ ਸਿਹਤ ਸੰਭਾਲ ਅਤੇ ਕਿਰਤ ਬਾਜ਼ਾਰ ਵਿਚ ਮੁੜ-ਪ੍ਰਵੇਸ਼ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਤੋਂ ਅਤੇ ਹੋਰਨਾਂ ਤੋਂ -ਲੋੜ ਅਨੁਸਾਰ ਹੇਠ ਦਿੱਤੇ ਮੰਤਵਾਂ ਲਈ :

### ਪ੍ਰਸ਼ਾਸਨ ਸੰਬੰਧੀ

ਅਸੀਂ ਤੁਹਾਨੂੰ ਵਿਸਤਾਰ ਪਦਾਨ ਕਰਨ ਲਈ ਕਹਿੰਦੇ ਹਾਂ ਜਿਵੇਂਕਿ ਤੁਹਾਡਾ ਨਾਮ, ਪਤਾ, ਘਰ ਦਾ ਟੈਲੀਫੋਨ ਨੰਬਰ, ਜਨਮ ਤਰੀਕ ਅਤੇ ਕਲੇਮ ਨੰਬਰ । ਇਹ ਜਾਣਕਾਰੀ ਸਾਨੂੰ ਤੁਹਾਡੇ ਨਾਲ ਗੱਲ-ਬਾਤ ਕਰਨ ਵਿਚ ਸਹਾਇਤਾ ਕਰਦੀ ਹੈ ਅਤੇ ਯਕੀਨੀ ਕਰਦੀ ਹੈ ਕਿ ਤੁਹਾਡੇ ਰਿਕਾਰਡ ਤੁਹਾਡੀ ਕਲੇਮ ਫਾਈਲ ਨਾਲ ਠੀਕ ਮਿਲਾਏ ਗਏ ਹਨ । ਜਦੋਂ ਕਲੇਮ ਦਾਖਲ ਕੀਤਾ ਜਾਂਦਾ ਹੈ, ਸੋਸ਼ਲ ਇੰਸ਼ੋਰੈਸ ਨੰਬਰ ਕਾਮਿਆਂ ਦੀ ਪਛਾਨ ਕਰਨ ਲਈ ਅਤੇ ਇਨਕਮ ਟੈਕਸ ਐਕਟ ਅਧੀਨ ਇਨ-ਕਮ ਟੈਕਸ ਜਾਣਕਾਰੀ ਵੇਰਵੇ ਭੇਜਣ ਲਈ ਇਕੱਠਾ ਕੀਤਾ ਜਾਂਦਾ ਹੈ । ਹੈਲਥ ਕਾਰਡ ਨੰਬਰ ਪ੍ਰਸਨਲ ਹੈਲਥ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ (ਨਿੱਜੀ ਸਿਹਤ ਜਾਣਕਾਰੀ ਰੱਖਿਆ ਐਕਟ) ਵੱਲੋਂ ਦਿੱਤੇ ਅਧਿਕਾਰ ਅਧੀਨ ਇਕੱਠਾ ਕੀਤਾ ਜਾਂਦਾ ਹੈ ਅਤੇ ਸਿਹਤ ਪ੍ਰਸ਼ਾਸਨ, ਜਿਵੇਂ ਕਿ ਸਾਰੇ OHIP (ਓਹਿਪ) ਬਿਲਾਂ ਦਾ ਇਕੱਠ ਕਰਨਾ, ਸਿਹਤ ਸੰਭਾਲ ਆਯੋਜਨ ਅਤੇ ਖ਼ੋਜ ਵਿਦਿਆਵਾਂ ਲਈ ਵਰਤਿਆ ਜਾਂਦਾ ਹੈ ।

### ਵਿੱਤ ਸੰਬੰਧੀ

ਜਾਣਕਾਰੀ ਜਿਵੇਂਕਿ ਤੁਹਾਡੀ ਹਫਤਾਵਾਰ, ਮਹੀਨਾਵਾਰ ਜਾਂ ਸਾਲਾਨਾ ਆਮਦਨ ਸਾਨੂੰ ਤੁਹਾਡੀ ਕਮਾਈ ਘਾਟਾ ਲਾਭਾਂ ਦੇ ਦਰ ਦਾ ਫ਼ੈਸਲਾ ਕਰਨ ਦੀ ਆਗਿਆ ਦਿੰਦੀ ਹੈ ਅਤੇ ਤੁਹਾਡੇ ਮਾਲਕ ਜਾਂ ਤਨਖਾਹ ਵਾਲੀ ਸਟੱਬ ਵਲੋਂ ਪੁਸ਼ਟੀ ਹੋਣਾ ਜ਼ਰੂਰੀ ਹੈ ।

ਆਮਦਨੀ ਦੀ ਬੇਹਾਲੀ ਦੇ ਸ੍ਰੋਤ ਜਿਵੇਂਕਿ ਸੋਸ਼ਲ ਅਸਿਸਟੈਂਸ (ਸਮਾਜਕ ਸਹਾਇਤਾ), *ਐਂਪਲਾਇਂਟਮੈਂਟ ਇੰਸ਼ੋਰੈਂਸ* (ਰੋਜਗਾਰ ਬੀਮਾ) ਅਤੇ *ਪ੍ਰਾਈਵੇਟ ਇੰਸ਼ੋਰੈਂਸ* (ਵਿਅਕਤੀਗਤ ਬੀਮਾ) ਤੁਹਾਨੂੰ ਦੋਹਰੀ ਅਦਾਇਗੀ ਅਤੇ/ਜਾਂ ਲਾਭ ਸੰਬੰਧਤ ਕਰਜ਼ਿਆਂ ਤੋਂ ਬਚਣ ਲਈ WSIB ਨੂੰ ਰਿਪੋਰਟ ਕਰਨ ਲਈ ਕਹਿ ਸਕਦੇ ਹਨ । ਜੇਕਰ ਤੁਹਾਡੇ ਖਾਤੇ ਵਿੱਚ ਸਿੱਧੇ ਪੈਸੇ ਜਮ੍ਹਾਂ ਕਰਵਾਉਣ ਦੀ ਲੋੜ ਜਾਂ ਚੋਣ ਹੈ ਤਾਂ ਤੁਹਾਡੇ ਬੈਂਕ ਦਾ ਖ਼ਾਤਾ ਨੰਬਰ ਵੀ ਬੇਨਤੀ ਕਰਕੇ ਲਿਆ ਜਾ ਸਕਦਾ ਹੈ ।

### ਡਾਕਟਰੀ ਸੰਬੰਧੀ

ਜਾਣਕਾਰੀ ਜਿਵੇਂ ਕਿ ਤੁਹਾਡਾ ਇਲਾਜ ਕਰ ਰਹੇ ਮਾਹਿਰਾਂ ਦੀਆਂ ਰਿਪੋਰਟਾਂ, ਪ੍ਰਸਤਾਵਿਤ ਦਵਾਈਆਂ ਦਾ ਵੇਰਵਾ, ਫਿਜ਼ੀਓਥੈਰਿਪੀ ਇਲਾਜ ਦੀਆਂ ਤਾਰੀਖ਼ਾਂ ਹਸਪਤਾਲ ਦੇ ਰਿਕਾਰਡ ਜਾਂ ਹੋਰ ਇਲਾਜ ਸੰਬੰਧੀ ਰਿਕਾਰਡ ਤੁਹਾਡੇ ਲਾਭਾਂ ਬਾਰੇ ਹੱਕਾਂ ਦੇ ਫ਼ੈਸਲੇ ਵਿਚ ਮਦਦ ਲਈ ਇਕੱਠੇ ਕੀਤੇ ਜਾਂਦੇ ਹਨ । ਇਹ ਜਾਣਕਾਰੀ ਇਸ ਫ਼ੈਸਲੇ ਵਿਚ ਵੀ ਮਦਦ ਕਰਦੀ ਹੈ ਕਿ ਤੁਹਾਨੂੰ ਜਾਂ ਤੁਹਾਡੇ ਸਿਹਤ ਸੰਭਾਲ ਕਰਤਾ ਨੂੰ ਕਿਸ ਕਿਸਮ ਦੀ ਹੋਰ ਮਦਦ ਦੀ ਲੋੜ ਹੋ ਸਕਦੀ ਹੈ ਜਿਸ ਨਾਲ ਤੁਹਾਨੂੰ ਉਚੱ ਮਿਆਰੀ ਸਿਹਤ ਸੰਭਾਲ ਮਿਲੇ । *ਵਰਕਪਲੇਸ ਸੇਫ਼ਟੀ ਐਂਡ ਇੰਸ਼ੋਰੈਂਸ ਐਕਟ* ਅਧੀਨ ਇਹ ਜ਼ਰੂਰੀ ਹੈ ਕਿ ਸਿਹਤ ਦਾ ਇਲਾਜ ਕਰ ਰਹੇ ਮਾਹਿਰ ਤੁਹਾਡੇ ਕਲੇਮ ਨਾਲ ਸੰਬੰਧਤ ਸਿਹਤ ਜਾਣਕਾਰੀ WSIB ਨੂੰ ਪ੍ਰਦਾਨ ਕਰਨ ।

### ਧੋਖੇਬਾਜ਼ੀ ਅਤੇ ਨਾ-ਫ਼ੁਰਮਾਨੀ

ਧੋਖੇਬਾਜ਼ੀ ਜਾਂ ਨਾ-ਫ਼ੁਰਮਾਨੀ ਲਈ ਪ੍ਰਸ਼ਾਸਕੀ, ਵਿੱਤੀ ਅਤੇ ਡਾਕਟਰੀ ਜਾਣਕਾਰੀ ਫੌਜਦਾਰੀ ਜਾਂ ਹੋਰ ਛਾਣਬੀਣ ਦੀ ਦਿਸ਼ਾ ਲਈ ਇਕੱਠੀ ਕੀਤੀ ਜਾ ਸਕਦੀ ਹੈ ।

## ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ, ਸੰਭਾਲ ਅਤੇ ਪ੍ਰਗਟੀਕਰਨ

### ਲਾਭਾਂ ਦੀ ਵਿਵਸਥਾ

ਕਈ ਵਾਰ ਹੋ ਸਕਦਾ ਹੈ, ਜਿਵੇਂ ਕਿ ਫੈਸਲੇ ਪੱਤਰ ਵਿੱਚ, ਜਿਥੇ ਗੁਪਤ ਜਾਣਕਾਰੀ ਜਿਸ ਵਿਚ ਤੁਹਾਡੇ ਕਲੇਮ ਨਾਲ ਸੰਬੰਧਤ ਨਿੱਜੀ ਸਿਹਤ ਜਾਣਕਾਰੀ ਸ਼ਾਮਿਲ ਹੈ ਬਿਨਾਂ ਤੁਹਾਡੀ ਇਜ਼ਾਜ਼ਤ ਦੇ ਤੁਹਾਡੇ ਮਾਲਕਾਂ ਨੂੰ ਪ੍ਰਗਟ ਕੀਤੀ ਜਾ ਸਕਦੀ ਹੈ । ਇਹ *ਵਰਕਪਲੇਸ ਸੇਫ਼ਟੀ ਅਤੇ ਇੰਸ਼ੋਰੈਂਸ ਐਕਟ ਅਤੇ ਜਾਣਕਾਰੀ ਦੀ ਆਜ਼ਾਦੀ ਅਤੇ ਪਰਦਾਦਾਰੀ ਰੱਖਿਆ ਐਕਟ* ਦੇ ਅਨੁਸਾਰ ਹੈ ।

ਤੁਹਾਡੇ ਕਲੇਮ ਤੇ ਕੰਮ ਕਰ ਰਹੇ WSIB ਅਧਿਕਾਰੀਆਂ ਅਤੇ ਠੇਕੇ ਦੇ ਪ੍ਰਬੰਧਕਾਂ ਨੂੰ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਹੈ । ਕਲੇਮ ਫ਼ਾਈਲ ਦੀ ਸਾਰੀ ਜਾਣਕਾਰੀ ਗੁਪਤ ਮੰਨੀ ਜਾਂਦੀ ਹੈ ਅਤੇ ਤੁਹਾਡੀ ਜਾਣਕਾਰੀ ਤੱਕ ਦੀ ਪਹੁੰਚ ਜਾਨਣ-ਦੀ-ਜ਼ਰੂਰਤ ਤੇ ਆਧਾਰਿਤ ਹੈ ।

ਅੱਜ ਕੱਲ੍ਹ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੀ ਤਰ੍ਹਾਂ, WSIB ਬਾਹਰਲੀਆਂ ਕੰਪਨੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰਦਾ ਹੈ। ਮਿਸਾਲ ਵਜੋਂ, ਇਕ ਬਾਹਰੀ ਸੇਵਾ ਪ੍ਰਦਾਨਕ ਪਸ੍ਰਤਾਵਿਤ ਦਵਾਈ ਲਈ ਤੁਹਾਡੇ ਕਲੇਮ ਦੇ ਭੁਗਤਾਨ ਨੂੰ ਨਿਪਟਾਇਗਾ। ਤੁਹਾਡੀ ਜਾਣਕਾਰੀ ਦੀ ਸਾਂਭ ਕਾਗਜ਼ੀ ਰੂਪ ਵਿਚ ਜਾਂ ਇਲੈਕਟਰੌਨਿਕ ਢੰਗ ਨਾਲ, ਦੋਨੋਂ ਉਸ ਜਗ੍ਹਾ ਤੇ ਅਤੇ ਪਰ੍ਹੇ ਕੀਤੀ ਜਾ ਸਕਦੀ ਹੈ। ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਲਈ ਠੇਕੇਦਾਰੀ ਇਕਰਾਰਨਾਮੇ ਕਾਇਮ ਹਨ।

## ਕੰਮ ਤੇ ਵਾਪਸੀ ਅਤੇ ਸਿਹਤਯਾਬੀ

ਜਦੋਂ ਤੁਸੀ ਲਾਭਾਂ ਲਈ ਦਾਵਾ ਕਰਦੇ ਹੋ,ਤੁਹਾਨੂੰ ਆਪਣੀ ਕਾਰਜਸ਼ੀਲ ਯੋਗਤਾਵਾਂ ਦੀ ਜਾਣਕਾਰੀ ਪ੍ਰਗਟ ਕਰਨ ਦੀ ਮਨਜ਼ੂਰੀ ਹਰ ਹਾਲ ਵਿਚ ਦੇਣੀ ਪੈਂਦੀ ਹੈ। ਇਹ ਮਨਜ਼ੂਰੀ ਤੁਹਾਡੇ ਸਿਹਤ ਸੰਭਾਲ ਕਰਤਾ ਨੂੰ ਤੁਹਾਡੀਆਂ ਕਾਰਜਸ਼ੀਲ ਯੋਗਤਾਵਾਂ ਬਾਰੇ ਜਾਣਕਾਰੀ ਸਿੱਧੀ ਤੁਹਾਡੇ ਮਾਲਕਾਂ ਨੂੰ ਖੋਲ੍ਹਣ ਦੀ ਆਗਿਆ ਦਿੰਦੀ ਹੈ। ਇਕ ਨਕਲ WSIB ਨੂੰ ਪ੍ਰਦਾਨ ਕੀਤੀ ਜਾਵੇਗੀ। ਇਹ ਤੁਹਾਡੀ ਕੰਮ ਤੇ ਵਾਪਸੀ ਅਤੇ ਸਿਹਤਯਾਬੀ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਲਈ ਹੈ।

ਤੁਹਾਡੀ ਨਿੱਜੀ ਜਾਣਕਾਰੀ ਤੁਹਾਡੇ ਸਿਹਤ ਸੰਭਾਲ ਕਰ ਰਹੇ ਮਾਹਿਰਾਂ ਅਤੇ ਕਿਰਤ ਬਾਜ਼ਾਰ ਵਿਚ ਮੁੜ-ਪ੍ਰਵੇਸ਼ ਸੇਵਾ ਪ੍ਰਬੰਧਕਾਂ ਨਾਲ ਇਹ ਯਕੀਨੀ ਕਰਨ ਲਈ ਸਾਂਝੀ ਕੀਤੀ ਜਾ ਸਕਦੀ ਹੈ ਕਿ ਢੁੱਕਵੇਂ ਡਾਕਟਰੀ ਅਤੇ ਕਿਰਤ ਬਾਜ਼ਾਰ ਸਾਧਨ ਤੁਹਾਡੇ ਲਈ ਉਪਲਬੱਧ ਹਨ।

## ਖ਼ੋਜ ਅਤੇ ਬਚਾਓ

WSIB ਵਧੇਰੇ ਅਸਰਦਾਰ ਬਚਾਓ ਪ੍ਰੋਗਰਾਮਾਂ ਦਾ ਵਿਕਾਸ ਕਰਨ ਲਈ ਕੰਮ ਦੇ ਸਥਾਨਾਂ ਤੇ ਸੌਟ ਅਤੇ ਬਿਮਾਰੀ ਦੀ ਕਿਸਮ ਅਤੇ ਕਾਰਨਾਂ ਦੀ ਖ਼ੋਜ ਦਾ ਸਮਰਥਨ ਕਰਦਾ ਹੈ। WSIB ਆਪਣੇ ਪ੍ਰਸ਼ਾਸਕੀ ਅੰਕੜੇ ਸੁਰੱਖਿਆ ਏਜੰਸੀਆਂ, ਵਿਗਿਆਨਕ ਖ਼ੋਜਕਾਰਾਂ ਅਤੇ ਲੋੜ ਮੁਤਾਬਕ ਹੋਰਨਾਂ ਨੂੰ *ਜਾਣਕਾਰੀ ਦੀ ਆਜ਼ਾਦੀ ਅਤੇ ਪਰਦਾਦਾਰੀ ਰੱਖਿਆ ਐਕਟ* ਦੇ ਅਨੁਸਾਰ ਉਪਲਬੱਧ ਕਰਾ ਸਕਦਾ ਹੈ।

WSIB ਗੈਰ-ਸੰਬੰਧੀ ਖੋਜਕਾਰਾਂ ਨੂੰ ਕੰਮ ਦੇ ਸਥਾਨ ਤੇ ਸੱਟਾਂ ਅਤੇ ਬਿਮਾਰੀਆਂ ਅਤੇ ਆਪਣੀਆਂ ਵਸਤੂਆਂ ਅਤੇ ਸੇਵਾਵਾਂ ਦੇ ਮਿਆਰ ਦੇ ਸਰਵੇਖਣ ਲਈ ਠੇਕਾ ਦੇ ਸਕਦਾ ਹੈ। ਤੁਹਾਡਾ ਨਾਮ ਅਤੇ ਟੈਲੀਫੋਨ ਨੰਬਰ ਇਹਨਾਂ ਗੈਰ-ਸੰਬੰਧੀ ਖ਼ੋਜਕਾਰਾਂ ਨੂੰ ਦਿੱਤਾ ਜਾ ਸਕਦਾ ਹੈ ਤਾਂ ਜੋ ਉਹ ਤੁਹਾਡੇ ਨਾਲ ਸੰਪਰਕ ਕਰਕੇ ਇਸ ਤਰ੍ਹਾਂ ਦੇ ਸਰਵੇਖਣ ਵਿਚ ਹਿੱਸਾ ਪਾਉਣ ਲਈ ਤੁਹਾਡੀ ਇਜ਼ਾਜ਼ਤ ਲੈ ਸਕਣ।

## ਲਾਗੂ ਕਰਨਾ

ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਪ੍ਰਣਾਲੀ ਨੂੰ ਦੁਰਵਰਤੋਂ ਤੋਂ ਬਚਾਉਣ ਲਈ ਧੋਖੇਬਾਜ਼ੀ ਜਾਂ ਨਾ-ਫੁਰਮਾਨੀ ਦੀ ਤਫਤੀਸ਼ ਦੌਰਾਨ ਨਿੱਜੀ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ। ਜਾਣਕਾਰੀ ਹੋਰ ਸਰਕਾਰੀ ਸਮੂਹਾਂ, ਪੁਲਿਸ ਅਤੇ ਅਦਾਲਤਾਂ ਨਾਲ ਲੋੜ ਮੁਤਾਬਿਕ ਅਤੇ ਕਾਨੂੰਨੀ ਤੌਰ ਤੇ ਦਿਤੇ ਗਏ ਅਧਿਕਾਰਾਂ ਹੇਠ ਸਾਂਝੀ ਕੀਤੀ ਜਾ ਸਕਦੀ ਹੈ।

## ਤੁਹਾਡੀ ਕਲੇਮ ਫ਼ਾਈਲ ਜਾਣਕਾਰੀ ਨੂੰ ਪ੍ਰਾਪਤ ਕਰਨਾ ਅਤੇ ਸੋਧ ਕਰਨਾ

ਤੁਹਾਡੀ ਕਲੇਮ ਫਾਈਲ ਦੀ ਨਕਲ ਨੂੰ ਹਾਸਿਲ ਕਰਨਾ ਆਸਾਨ ਹੈ; ਸਰਲਤਾ ਨਾਲ ਆਪਣੇ ਫੈਸਲਾ ਕਰਤਾ ਨੂੰ ਲਿਖੋ। WSIB ਦਾ ਫਾਰਮ "ਕਲੇਮ ਫਾਈਲ ਦੀ ਨਕਲ ਲਈ ਕਾਮੇ ਦੀ ਬੇਨਤੀ" ਇਹ ਬੇਨਤੀ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਇਹ ਸਾਡੀ ਵੈਬ ਸਾਈਟ www.wsib.on.caਤੇ ਜਾਂ ਸਾਡੀ ਬਹੁਭਾਸ਼ੀ ਲਾਈਨ ਨੂੰ ਕਾਲ ਕਰਨ ਤੇ ਉਪਲਬੱਧ ਹੈ।

ਜੇਕਰ ਤੁਹਾਨੂੰ ਆਪਣੀ ਕਲੇਮ ਫਾਈਲ ਪ੍ਰਾਪਤ ਕਰਨ ਵਿੱਚ ਮੁਸ਼ਕਿਲਾਂ ਆਉਂਦੀਆਂ ਹਨ, ਤੁਸੀ WSIB ਦੀ ਬਹੁਭਾਸ਼ੀ ਹਾਟ ਲਾਈਨ ਦੁਆਰਾ ਬਿਜ਼ਨਸ ਸਰਵਿਸਿਸ (ਕਾਰੋਬਾਰੀ ਸੇਵਾਵਾਂ) ਨੂੰ ਸੰਪਰਕ ਕਰ ਸਕਦੇ ਹੋ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਰਿਕਾਰਡ ਸਹੀ ਨਹੀਂ ਹੈ, ਤੁਸੀਂ ਆਪਣੇ ਫੈਸਲਾ ਕਰਤਾ ਨੂੰ ਸੰਪਰਕ ਕਰਕੇ ਜਾਣਕਾਰੀ ਠੀਕ ਕਰਨ ਲਈ ਬੇਨਤੀ ਕਰ ਸਕਦੇ ਹੋ।

ਤੁਹਾਡੇ ਮਾਲਕ ਜੱਦੋਂ ਅਪੀਲ ਪ੍ਰਣਾਲੀ ਵਿੱਚ ਸ਼ਮੂਲਿਅਤ ਦੌਰਾਨ ਤੁਹਾਡੀ ਕਲੇਮ ਫਾਈਲ ਦੀ ਨਕਲ ਹਾਸਲ ਕਰ ਸਕਦੇ ਹਨ -ਜੇਕਰ ਕੋਈ ਮੁੱਦਾ ਝਗੜੇ ਵਿੱਚ ਹੈ। ਜੱਦੋ ਤੁਹਾਡਾ ਮਾਲਕ ਕਲੇਮ ਫਾਈਲ ਦੀ ਨਕਲ ਦੀ ਬੇਨਤੀ ਕਰਦਾ ਹੈ, ਤੁਹਾਨੂੰ ਤੁਹਾਡੇ ਮਾਲਕ ਨੂੰ ਵਿਸ਼ੇਸ਼ ਸਿਹਤ ਜਾਣਕਾਰੀ ਖੋਲ੍ਹਣ ਤੇ ਇਤਰਾਜ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। *ਵਰਕ ਪਲੇਸ ਸੇਫਟੀ ਐਂਡ ਇੰਸ਼ੋਰੈਂਸ ਐਕਟ* ਦੇ ਅਧੀਨ ਮਾਲਕ ਅਤੇ ਮਾਲਕਾਂ ਦੇ ਨੁਮਾਇੰਦਿਆਂ ਦਾ ਗੁਪਤਤਾ ਰੱਖਣ ਦਾ ਫਰਜ਼ ਬਣਦਾ ਹੈ ਕਿ ਉਹ WSIB ਵੱਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਨੂੰ ਨਾ ਪ੍ਰਗਟ ਕਰਨ।

## ਤੁਹਾਡੀ ਨਿੱਜੀ ਜਾਣਕਾਰੀ ਨੂੰ ਤਰਤੀਬ ਦੇਣਾ

ਜੇਕਰ ਤੁਹਾਡੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡਾ ਪਤਾ, ਜਾਂ ਕੰਮ ਦਾ ਰੁਤਬਾ ਬਦਲਦਾ ਹੈ, ਤੁਸੀ ਆਪਣੇ ਫੈਸਲਾ ਕਰਤਾ ਨਾਲ ਹਰ ਹਾਲਤ ਵਿੱਚ ਸੰਪਰਕ ਕਰੋ ਅਤੇ ਆਪਣੇ ਰਿਕਾਰਡਾਂ ਨੂੰ ਤਰਤੀਬ ਵਿੱਚ ਕਰਵਾਉ। WSIB ਦੀ ਬਹੁਭਾਸ਼ੀ ਹਾਟ ਲਾਈਨ ਨੂੰ ਕਾਲ ਕਰਨ ਤੇ ਵੀ ਪਤਾ ਬਦਲਿਆ ਜਾ ਸਕਦਾ ਹੈ।

## ਸੰਪਰਕ ਜਾਣਕਾਰੀ

ਕਲੇਮ ਫਾਈਲ ਦੀ ਨਕਲ ਨੂੰ ਹਾਸਿਲ ਕਰਨ ਲਈ, ਤੁਹਾਡੀ ਨਿੱਜੀ ਜਾਣਕਾਰੀ ਨੂੰ ਤਰਤੀਬ ਵਿੱਚ ਕਰਵਾਓ, ਜਾਂ ਆਪਣੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਵਰਤਣ, ਜਾਂ ਪ੍ਰਗਟੀਕਰਨ ਬਾਰੇ ਵਧੇਰੇ ਜਾਨਣ ਲਈ, ਤੁਸੀ ਆਪਣੇ ਫੈਸਲਾ ਕਰਤਾ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ, ਜਾਂ ਕਾਲ ਕਰੋ:
WSIB ਦੀ ਬਹੁਭਾਸ਼ੀ ਹਾਟ ਲਾਈਨ: 1-416-344-2000

ਟੋਲ ਫ੍ਰੀ: 1-800-465-5606
ਟੀ-ਟੀ-ਵਾਈ: 1-800-387-0050

ਜੇਕਰ ਤੁਹਾਡੀ ਨਿੱਜੀ ਜਾਣਕਾਰੀ ਇਕੱਠੇ ਕਰਨ, ਵਰਤੋਂ ਜਾਂ ਉਸ ਦਾ ਪ੍ਰਗਟੀਕਰਨ ਕਰਨ ਬਾਰੇ ਤੁਹਾਡੇ ਕੋਈ ਵੀ ਪ੍ਰਸ਼ਨ ਜਾਂ ਖ਼ਦਸ਼ੇ ਹਨ, ਕਿਰਪਾ ਕਰਕੇ ਸਿੱਧਾ ਆਪਣੇ ਫ਼ੈਸਲਾ ਕਰਤਾ ਨਾਲ ਜਾਂ ਕਰ-ਰਹਿਤ 1-800-387-5540 ਤੇ ਸੰਪਰਕ ਕਰੋ ।

ਪਰਦਾਦਾਰੀ ਨਾਲ ਸੰਬੰਧਤ ਖ਼ਦਸ਼ੇ ਜਾਂ ਮਾਮਲੇ WSIB ਦੇ ਪਰਦਾਦਾਰੀ ਦਫ਼ਤਰ ਵਿੱਚ ਸਿੱਧੇ ਤੌਰ ਤੇ 416-344-5323 ਤੇ ਜਾਂ ਉਪਰ ਦਿੱਤੇ ਕਰ-ਰਹਿਤ ਨੰਬਰ ਦੁਆਰਾ ਵੀ ਸੰਬੋਧਨ ਕੀਤੇ ਜਾ ਸਕਦੇ ਹਨ । ਤੁਸੀ WSIB ਨਾਲ ਲਿਖਤ ਸੰਪਰਕ ਵੀ ਕਰ ਸਕਦੇ ਹੋ:

Worlplace Safety and Insurance Board
200 Front Street West
Toronto, Ontario
M5V  3J1

WSIB ਦੀ ਵੈਬ ਸਾਈਟ: www.wsib.on.ca

ਕ੍ਰਿਪਾ ਕਰਕੇ ਇਹ ਵੀ ਨੋਟ ਕਰਨਾ ਕਿ WSIB ਤਰਜੁਮਾ, ਅਨੁਵਾਦ ਅਤੇ ਸਧਾਰਨ ਜਾਣਕਾਰੀ ਕਈ ਭਾਸ਼ਾਵਾਂ ਵਿੱਚ ਪ੍ਰਦਾਨ ਕਰਦਾ ਹੈ । ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਾਡੀ ਬਹੁਭਾਸ਼ੀ ਹਾਟ ਲਾਈਨ 1-800-465-5606 ਜਾਂ 416-344-2000 ਤੇ ਸਹਾਇਤਾ ਲਈ ਕਾਲ ਕਰੋ ।

ਇਸ ਦਸਤਾਵੇਜ਼ ਨੂੰ ਪੁਨਰ ਵਿਚਾਰਣ ਦੇ ਹਕ WSIB ਦੇ ਰਾਖਵੇਂ ਹਨ ।